# ਡਾਇਰੈਕਟਰ, ਸਿੱਖਿਆ ਭਰਤੀ, ਡਾਇਰੈਕਟੋਰੇਟ, ਪੰਜਾਬ

ਸਰਕਾਰੀ ਮਾਡਲ ਸੀਨੀਅਰ ਸੈਕੰਡਰੀ ਸਕੂਲ,(ਮਾਇਕਰੋਸਾਫਟ ਬਿਲਡਿੰਗ)
ਫੇਸ-3 ਬੀ 1, ਐਸ.ਏ.ਐਸ.ਨਗਰ।

ਨੰਬਰ:6/1-2020 ਭ.ਡ (3)/202182349 ਮਿਤੀ, ਐਸ.ਏ.ਐਸ.ਨਗਰ: 06/03/2021

## ਪਬਲਿਕ ਨੋਟਿਸ (3704 ਮਾਸਟਰ ਕਾਡਰ)

ਸਿੱਖਿਆ ਭਰਤੀ ਡਾਇਰੈਕਟੋਰੇਟ ਵੱਲੋਂ ਮਿਤੀ 28-02-2020 ਨੂੰ 3704 ਮਾਸਟਰ ਕਾਡਰ ਅਸਾਮੀਆਂ ਦੀ ਭਰਤੀ ਲਈ ਵਿਗਿਆਪਨ ਦਿੱਤਾ ਗਿਆ ਸੀ। ਇਸ ਸਬੰਧੀ ਵਿਭਾਗ ਵੱਲੋਂ ਮਿਤੀ 27-12-2020, 28-12-2020, 09-01-2021 ਅਤੇ 10-01-2021 ਨੂੰ ਇਨ੍ਹਾਂ ਅਸਾਮੀਆਂ ਸਬੰਧੀ ਵੱਖ-ਵੱਖ ਵਿਸ਼ਿਆਂ(ਪੰਜਾਬੀ, ਹਿੰਦੀ, ਅੰਗਰੇਜੀ, ਸਾਇੰਸ, ਮੈਥ ਅਤੇ ਸਮਾਜਿਕ ਸਿੱਖਿਆ) ਦਾ ਲਿਖਤੀ ਟੈਸਟ ਲੈਣ ਉਪਰੰਤ ਵਿਭਾਗ ਵੱਲੋਂ ਨਤੀਜਾ ਘੋਸ਼ਿਤ ਕਰ ਦਿੱਤਾ ਗਿਆ ਸੀ। ਹਾਇਰ ਮੈਰਿਟ ਵਿੱਚ ਆਉਣ ਵਾਲੇ ਉਮੀਦਵਾਰਾਂ ਨੂੰ ਆਪਣੇ ਅਸਲ ਦਸਤਾਵੇਜਾਂ ਦੀ ਸਕਰੂਟਨੀ ਲਈ ਬੁਲਾਇਆ ਗਿਆ ਸੀ। ਹੁਣ ਜਿਨ੍ਹਾਂ ਵਿਸ਼ਿਆਂ/ਕੈਟੇਗਰੀਆਂ ਦੀ ਪੋਸਟਾਂ ਖਾਲੀ ਰਹਿ ਗਈਆਂ ਸਨ, ਉਹਨਾਂ ਉਮੀਦਵਾਰਾਂ ਨੂੰ ਦਫਤਰ, ਡਾਇਰੈਕਟਰ ਸਿੱਖਿਆ ਭਰਤੀ ਡਾਇਰੈਕਟੋਰੇਟ ਪੰਜਾਬ, ਸਰਕਾਰੀ ਮਾਡਲ ਸੀਨੀਅਰ ਸੈਕੰਡਰੀ ਸਕੂਲ(ਮਾਈਕ੍ਰੋਸਾਫਟ ਬਿਲਡਿੰਗ), 3 ਬੀ-1, ਮੋਹਾਲੀ(ਸ.ਅ.ਸ.ਨਗਰ) ਵਿਖੇ ਮਿਤੀ 06-03-2021 ਨੂੰ ਸਕਰੂਟਨੀ ਲਈ ਸੱਦਾ ਦਿੱਤਾ ਗਿਆ ਸੀ। ਕੇਵਲ ਮਿਤੀ 06-03-2021 ਨੂੰ ਗੈਰਹਾਜ਼ਰ ਹੋਏ ਉਮੀਦਵਾਰਾਂ ਨੂੰ ਹੀ ਮਿਤੀ 08-03-2021 ਨੂੰ ਸਵੇਰੇ 9.00 ਵਜੇ ਸਕਰੂਟਨੀ ਲਈ ਦੁਬਾਰਾ ਮੌਕਾ ਦਿੱਤਾ ਜਾਂਦਾ ਹੈ।

ਸਕਰੂਟਨੀ ਲਈ ਬੁਲਾਏ ਉਮੀਦਵਾਰ ਸਕਰੂਟਨੀ ਲਈ ਆਉਣ ਤੋਂ ਪਹਿਲਾ ਆਪਣੀ ਲਾਗ-ਇੰਨ ਆਈ-ਡੀ ਤੋਂ ਹੇਠ ਲਿਖੇ ਸਰਟੀਫਿਕੇਟ ਅੱਪਲੋਡ ਕਰਨਗੇ:

1. ਮੈਟ੍ਰਿਕ ਦਾ ਡੀ.ਐਮ.ਸੀ. ਅਤੇ ਸਰਟੀਫਿਕੇਟ(ਸਨਦ)।
2. 10+2 ਦਾ ਡੀ.ਐਮ.ਸੀ. ਅਤੇ ਸਰਟੀਫਿਕੇਟ(ਸਨਦ)।
3. ਗ੍ਰੈਜ਼ੂਏਸ਼ਨ ਦਾ ਡੀ.ਐਮ.ਸੀ. ਅਤੇ ਡਿਗਰੀ।
4. ਬੀ.ਐਡ. ਦੀ ਡੀ.ਐਮ.ਸੀ. ਅਤੇ ਡਿਗਰੀ।
5. ਕੈਟਾਗਰੀ ਸਰਟੀਫਿਕੇਟ।
6. ਪੰਜਾਬ ਡੋਮੀਸਾਈਲ (ਵਸਨੀਕ) ਸਰਟੀਫਿਕੇਟ।
7. PSTET-2 ਪਾਸ ਸਰਟੀਫਿਕੇਟ।

ਸਕਰੂਟਨੀ ਲਈ ਬੁਲਾਏ ਗਏ ਉਮੀਦਵਾਰਾਂ ਲਈ, ਪੜਤਾਲ(ਸਕਰੂਟਨੀ) ਪ੍ਰੋਫਾਰਮਾ ਅਤੇ ਹੋਰ ਜਾਣਕਾਰੀ ਵਿਭਾਗ ਦੀ ਵੈਬਸਾਈਟ www.educationrecruitmentboard.com ਤੇ ਉਪਲਬਧ ਕਰਵਾਇਆ ਗਿਆ ਹੈ।

06/03/21
ਸਹਾਇਕ ਡਾਇਰੈਕਟਰ,
ਸਿੱਖਿਆ ਭਰਤੀ ਡਾਇਰੈਟੋਰੇਟ,ਪੰਜਾਬ।

ਨੋਟ: ਸਕਰੂਟਨੀ ਲਈ ਆਉਣ ਵਾਲੇ ਉਮੀਦਵਾਰ ਕੋਵਿਡ-19 ਸਬੰਧੀ ਸਿਹਤ ਵਿਭਾਗ, ਪੰਜਾਬ ਵੱਲੋਂ ਜਾਰੀ ਹਦਾਇਤਾਂ ਜਿਵੇਂ ਮਾਸਕ ਪਾਉਣਾ, ਸਮਾਜਿਕ ਦੂਰੀ ਰੱਖਣਾ ਆਦਿ ਦੀ ਪਾਲਣਾ ਕਰਨੀ ਯਕੀਨੀ ਬਣਾਉਣਗੇ।